Office Order

Annexure-67

# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ

ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ।

ਨੰਬਰ:(ਟੀ:ਢੂ-1)/ਐਨ.ਡੀ.ਏ.-ਐਫ-60/2010/ 485

ਮਿਤੀ: 23.7.10

## ਦਫਤਰੀ ਹੁਕਮ

ਵਿਸ਼ਾ: *ਪੰਜਾਬ ਰਾਜ ਵਿੱਚ ਨਾਨ-ਡੈਜੀਗਨੇਟਡ ਏਰੀਆ ਵਿੱਚ ਲੱਗੀਆਂ ਹੋਈਆਂ ਫੈਕਟਰੀਆਂ ਨੂੰ ਵਾਟਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਅਤੇ ਏਅਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1981 ਅਧੀਨ ਬੋਰਡ ਦੀ ਪਾਲਿਸੀ ਅਨੁਸਾਰ ਗਰਾਂਟ ਕੀਤੀਆਂ ਕੰਨਸੈਂਟ ਟੂ ਅਪਰੇਟ ਦੀ ਮਿਆਦ ਵਿੱਚ ਵਾਧਾ ਕਰਨ ਸਬੰਧੀ।*

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਆਪਣੀ 148ਵੀ ਮੀਟਿੰਗ ਜੋ ਮਿਤੀ 23-06-2010 ਨੂੰ ਹੋਈ, ਦੀ ਆਈਟਮ ਨੰਬਰ 148.17 ਅਨੁਸਾਰ ਪੰਜਾਬ ਰਾਜ ਵਿੱਚ ਨੌਨ-ਡੈਜੀਗਨੇਟਡ ਏਰੀਆ ਵਿੱਚ ਚੱਲ ਰਹੀਆਂ ਫੈਕਟਰੀਆਂ ਨੂੰ ਵਾਟਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਅਤੇ ਏਅਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ,1981 ਅਧੀਨ ਬੋਰਡ ਵਲੋਂ ਕਨਸੈਂਟਾਂ ਗਰਾਂਟ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-

1. ਉਹ ਸ਼ਹਿਰ ਜਿਨ੍ਹਾਂ ਦਾ ਮਾਸਟਰ ਪਲੈਨ ਫਾਈਨਲ ਹੋ ਗਿਆ ਹੈ, ਦੇ ਨਾਨ ਡੈਜੀਗਨੇਟਿਡ ਏਰੀਏ ਵਿੱਚ ਲੱਗੀਆਂ ਫੈਕਟਰੀਆਂ ਦੇ ਵਾਟਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਅਤੇ ਏਅਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ,1981 ਦੇ ਅਧੀਨ ਕੰਸੈਂਟ ਕੇਸ ਮੈਰਿਟ ਦੇ ਅਧਾਰ ਤੇ ਵੱਧ ਤੋਂ ਵੱਧ ਅਨਐਕਸਪਾਇਰਡ ਉਸ ਸਮੇਂ ਲਈ ਗਰਾਂਟ ਕੀਤੇ ਜਾਣਗੇ ਜੋ ਕਿ ਇਨਾਂ ਫੈਕਟਰੀਆਂ ਨੂੰ ਮਾਸਟਰ ਪਲੈਨ ਵਿੱਚ (ਸ਼ਿਫਟ ਕਰਨ ਲਈ) ਦਿੱਤਾ ਗਿਆ ਹੈ ਜਾਂ ਉਹ ਬੋਰਡ ਦੀ ਰੈਡ/ਓਰੈਂਜ/ਗਰੀਨ ਕੈਟਾਗਿਰੀ ਦੀਆਂ ਵੱਡੀ/ਦਰਮਿਆਨੀ/ਛੋਟੇ ਪੱਧਰ ਦੀ ਫੈਕਟਰੀਆਂ ਲਈ ਪਾਲੀਸੀ ਮੁਤਾਬਕ ਹੋਵੇ, ਜੋ ਵੀ ਸਮਾਂ ਪਹਿਲਾਂ ਖਤਮ ਹੁੰਦਾ ਹੋਵੇ। ਇਸ ਦੇ ਨਾਲ-ਨਾਲ ਇਹਨਾਂ ਫੈਕਟਰੀਆਂ ਨੇ ਢੁੱਕਵੇ ਜਲ-ਸੋਧਕ ਯੰਤਰ ਅਤੇ/ਜਾਂ ਹਵਾ ਸੋਧਕ ਯੰਤਰ ਸਮੇਤ ਸ਼ੋਰ ਪ੍ਰਦੂਸ਼ਣ ਰੋਕਥਾਮ ਯੰਤਰ ਲਾਏ ਹੋਣ ਅਤੇ ਉਹ ਮਿੱਥੇ ਹੋਏ ਸਟੈਂਡਰਡਾਂ ਦੀ ਪਾਲਣਾ ਕਰਦੇ ਹੋਣ।

2. ਉਹ ਸ਼ਹਿਰ ਜਿਨ੍ਹਾਂ ਦਾ ਮਾਸਟਰ ਪਲੈਨ ਫਾਈਨਲ ਨਹੀ ਹੋਇਆ, ਹੈ, ਦੇ ਨਾਨ ਡੈਜੀਗਨੇਟਿਡ ਏਰੀਏ ਵਿੱਚ ਲੱਗੀਆਂ ਫੈਕਟਰੀਆਂ ਦੇ ਵਾਟਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ, 1974 ਅਤੇ ਏਅਰ (ਪ੍ਰੀਵੈਨਸ਼ਨ ਅਤੇ ਕੰਟਰੋਲ ਆਫ ਪੋਲੂਸ਼ਨ) ਐਕਟ,1981 ਦੇ ਅਧੀਨ ਕੰਸੈਂਟ ਕੇਸ ਮੈਰਿਟ ਦੇ ਅਧਾਰ ਤੇ ਬੋਰਡ ਦੀ ਓਵਰਆਲ ਪਾਲਿਸੀ (ਸਹਿਮਤੀ ਦੇ ਸਮੇਂ) ਨੂੰ ਮੁੱਖ ਰੱਖਦੇ ਹੋਏ ਸਹਿਮਤੀ ਲਈ ਗਰਾਂਟ ਕੀਤੇ ਜਾਣਗੇ। ਬਸ਼ਰਤੇ ਇਹਨਾਂ ਫੈਕਟਰੀਆਂ ਨੇ ਢੁੱਕਵੇ ਜਲ-ਸੋਧਕ ਯੰਤਰ ਅਤੇ/ਜਾਂ ਹਵਾ ਸੋਧਕ ਯੰਤਰ ਸਮੇਤ ਸ਼ੋਰ ਪ੍ਰਦੂਸ਼ਣ ਰੋਕਥਾਮ ਯੰਤਰ ਲਾਏ ਹੋਣ ਅਤੇ ਉਹ ਮਿੱਥੇ ਹੋਏ ਸਟੈਂਡਰਡਾਂ ਦੀ ਪਾਲਣਾ ਕਰਦੇ ਹੋਣ। ਇਨ੍ਹਾਂ ਫੈਕਟਰੀਆਂ ਦੇ ਸਮੇਂ ਵਿੱਚ ਵਾਧਾ ਇਨਾ ਫੈਕਟਰੀਆਂ ਨੂੰ ਸ਼ਿਫਟ ਕਰਵਾਉਣ ਲਈ ਰਾਜ ਸਰਕਾਰ ਦੀਆਂ ਕੋਈ ਵੀ ਹਦਾਇਤਾਂ/ਪਾਲੀਸੀਆਂ/ਫੈਸਲਿਆਂ ਦੇ ਮੁਤਾਬਿਕ ਹੋਵੇਗਾ।

ਇਹ ਸਾਰੇ ਕੰਨਸੈਂਟ ਕੇਸਾ ਤੇ ਉਹੀ ਅਥਾਰਟੀਆਂ ਫੈਸਲਾ ਦੇਣਗੀਆਂ ਜੋ ਕਿ ਡੈਜੀਗਨੇਟਿਡ ਏਰੀਏ ਵਿੱਚ ਇਹੋ ਜਿਹੇ ਕੇਸਾਂ ਤੇ ਸਮੇਂ-ਸਮੇਂ ਸਿਰ ਬੋਰਡ ਦੁਆਰਾ ਦਿੱਤੀਆਂ ਗਈਆਂ ਪਾਵਰਾਂ ਮੁਤਾਬਿਕ ਫੈਸਲਾ ਦੇਣ ਦੇ ਸਮਰੱਥ ਹਨ।

-ਸਹੀ/-

ਚੇਅਰਮੈਨ

deskPDF Studio Trial

Office Order

ਪਿੱਠ ਅੰਕਣ ਨੰਬਰ:(ਹੈ:ਕੁ-1)/ਐਨ.ਡੀ.ਏ.-ਐਫ-60/2010/ 33253-86 ਮਿਤੀ:23.7.10

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੈਂਬਰ ਸੈਕਤਰ-ਕਮ-ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
2. ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ।
3. ਸੀਨੀਅਰ ਵਾਤਾਵਰਣ ਇੰਜੀਨੀਅਰ (ਹੈਡ ਕੁਆਟਰ-1 ਤੇ 2)/ਟੀ.ਪੀ.ਐਸ.ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ।
4. ਸੀਨੀਅਰ ਵਾਤਾਵਰਣ ਇੰਜੀਨੀਅਰ, ਜਿਨਲ ਦਫਤਰ-1/2, ਪਟਿਆਲਾ/ ਜਲੰਧਰ/ਅੰਮ੍ਰਿਤਸਰ/ ਲੁਧਿਆਣਾ-1 ਅਤੇ 2, ਬਠਿੰਡਾ।
5. ਵਧੀਕ ਸੈਕਤਰ (ਜਨਰਲ ਅਤੇ ਪਲਾਨਿੰਗ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਨੋਡਲ ਦਫਤਰ, ਮੋਹਾਲੀ।
6. ਸੀਨੀਅਰ ਵਿਗਿਆਨਕ ਅਫਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
7. ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ/ਲੁਧਿਆਣਾ-1/2/3/4,ਜਲੰਧਰ/ਅੰਮ੍ਰਿਤਸਰ/ਹੁਸ਼ਿਆਰਪੁਰ/ਸੰਗਰੂਰ/ਬਠਿੰਡਾ/ਫਰੀਦਕੋਟ/ਫਤਿਹਗੜ੍ਹ ਸਾਹਿਬ/ਮੋਹਾਲੀ।
8. ਡਿਪਟੀ ਡਾਇਰੈਕਟਰ (ਲੋਕ ਸੰਪਰਕ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
9. ਉਪ ਕੰਟਰੋਲਰ (ਵਿੱਤ ਤੇ ਲੇਖਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
10. ਸਹਾਇਕ ਪ੍ਰਬੰਧਕੀ ਅਫਸਰ/ਕਾਨੂੰਨੀ ਅਫਸਰ/ਪੀ.ਏ.ਟੂ ਚੇਅਰਮੈਨ/ਪੀ.ਏ.ਟੂ ਮੈਂਬਰ ਸੈਕਤਰ/ ਸੁਪਰਡੰਟ (ਜਨਰਲ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

ਮੈਂਬਰ ਸੈਕਤਰ



deskPDF Studio Trial